# ਹਸਪਤਾਲ ਵਿੱਚ ਹੋਣ ਅਤੇ ਆਈ ਸੀ ਯੂ ਵਿੱਚ ਹੋਣ ਵਿੱਚ ਕੀ ਫਰਕ ਹੈ?

*May 2022*

**ਹਸਪਤਾਲ ਵਿੱਚ ਹੋਣਾ (ਹੌਸਪਿਟਲਾਈਜ਼ੇਸ਼ਨ)** ਇਲਾਜ ਲਈ ਹਸਪਤਾਲ ਵਿੱਚ ਦਾਖਲ ਹੋਣਾ ਹੈ। ਇਹ ਟੁੱਟੀ ਹੋਈ ਲੱਤ ਤੋਂ ਲੈ ਕੇ ਹੋਰ ਗੰਭੀਰ ਬੀਮਾਰੀ ਤੱਕ ਕਈ ਤਰ੍ਹਾਂ ਦੀਆਂ ਮੈਡੀਕਲ ਹਾਲਤਾਂ ਹੋ ਸਕਦੀਆਂ ਹਨ।

**ਆਈ ਸੀ ਯੂ ਵਿੱਚ ਹੋਣਾ** ਇਨਟੈਨਸਿਵ ਕੇਅਰ ਯੂਨਿਟ ਵਿੱਚ ਹੋਣਾ ਹੈ। ਇੱਥੇ ਬਹੁਤ ਜ਼ਿਆਦਾ ਗੰਭੀਰ ਅਤੇ ਜ਼ਿੰਦਗੀ ਲਈ ਖਤਰਾ ਹੋਣ ਵਾਲੀਆਂ ਬੀਮਾਰੀਆਂ ਦਾ ਇਲਾਜ ਹੁੰਦਾ ਹੈ, ਜਿੱਥੇ ਮਰੀਜ਼ਾਂ ਨੂੰ ਲਗਾਤਾਰ ਨਿਗਰਾਨੀ ਅਤੇ ਇਲਾਜ ਦੀ ਲੋੜ ਹੁੰਦੀ ਹੈ। ਬਹੁਤੀ ਵਾਰੀ ਆਈ ਸੀ ਯੂ ਵਿੱਚ ਹੋਣ ਤੋਂ ਬਾਅਦ ਪੂਰੀ ਤਰ੍ਹਾਂ ਰਾਜ਼ੀ ਹੋਣ ਲਈ ਕਈ ਹਫਤਿਆਂ ਤੋਂ ਲੈ ਕੇ ਮਹੀਨਿਆਂ ਤੱਕ ਲਗ ਜਾਂਦੇ ਹਨ।



ਵੈਕਸੀਨ ਲਗਵਾਉਣ ਨਾਲ ਤੁਹਾਡੇ ਹਸਪਤਾਲ ਜਾਣ ਦੇ ਅਤੇ ਖਾਸ ਤੌਰ `ਤੇ ਇਨਟੈਨਸਿਵ ਕੇਅਰ ਵਿੱਚ ਜਾਣ ਦੇ ਮੌਕੇ ਬਹੁਤ ਜ਼ਿਆਦਾ ਘੱਟ ਜਾਂਦੇ ਹਨ। ਇਸ ਲਈ ਪੂਰੇ ਵੈਕਸੀਨ ਲਗਵਾਉਣਾ ਬਹੁਤ ਮਹੱਤਵਪੂਰਨ ਹੈ।

---

**ਅਜੇ ਵੀ ਸਵਾਲ ਹਨ?** ਇਹ ਨਾਰਮਲ ਹੈ। ਆਪਣੇ ਸਥਾਨਕ ਹੈਲਥ ਕਲਿਨਿਕ ਅਤੇ ਆਪਣੇ ਸਥਾਨਕ ਹਸਪਤਾਲ ਤੋਂ ਜਾਂ ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਸਵਾਲਾਂ ਅਤੇ ਜਵਾਬਾਂ ਵਾਲੇ ਸਫੇ https://bit.ly/3KXDyDz `ਤੇ ਜਾ ਕੇ ਹੋਰ ਜਾਣਕਾਰੀ ਲਵੋ।

Financial contribution from
Avec le financement de
Public Health Agency of Canada
Agence de la santé publique du Canada

Metropolis
Social Determinants of Health

MedComm (ਮੈਕਗਿਲ ਮੈਡੀਕਲ ਸਟੂਡੈਂਟਸ ਸੁਸਾਇਟੀ ਦਾ ਇੱਕ ਆਊਟਰੀਚ ਕਲੱਬ) ਦੁਆਰਾ ਪ੍ਰਮਾਣਿਤ।

**ਕੀ ਤੁਸੀਂ ਹੋਰ ਜਾਨਣਾ ਚਾਹੁੰਦੇ ਹੋ?**
ਇੱਥੋਂ ਤੁਸੀਂ ਕੋਵਿਡ-19 ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:
https://bit.ly/3qQHmOx

ਇਸ ਸਮੱਗਰੀ ਦਾ ਉਦੇਸ਼ ਪੇਸ਼ੇਵਰ ਸਲਾਹ ਜਾਂ ਦੇਖਭਾਲ ਦਾ ਬਦਲ ਬਣਨਾ ਨਹੀਂ ਹੈ। ਆਪਣੇ ਸਵਾਲਾਂ ਦੇ ਜਵਾਬ ਲਈ ਹਮੇਸ਼ਾ ਕਿਸੇ ਮੈਡੀਕਲ ਪੇਸ਼ੇਵਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਪ੍ਰਦਾਤਾ ਦੀਆਂ ਸੇਵਾਵਾਂ ਲਓ।